## ਹਦਾਇਤਾਂ

ਅਨੁਪੂਰਕ ਪ੍ਰੀਖਿਆ ਅਗਸਤ-2025 ਵਿੱਚ ਤਾਇਨਾਤ ਕੀਤੇ ਜਾਣ ਵਾਲੇ ਓਬਜ਼ਰਵਰ ਕਮ ਫਲਾਇੰਗ ਅਧਿਕਾਰੀਆਂ ਲਈ ਵਿਸ਼ੇਸ ਹਦਾਇਤਾਂ:-

1. ਉਕਤ ਕੰਮ ਲਈ ਤਾਇਨਾਤ ਕੀਤੇ ਅਧਿਕਾਰੀ ਇਹ ਡਿਊਟੀ ਨਿੱਜੀ ਰੂਪ ਵਿੱਚ ਨਿਭਾਉਣਗੇ। ਇਹ ਡਿਊਟੀ ਟਰਾਂਸਫਰ ਕਰਨ ਯੋਗ ਨਹੀਂ ਹੈ।
2. ਅਲਾਟ ਕੀਤੇ ਪ੍ਰੀਖਿਆ ਕੇਂਦਰ ਵਿੱਚ ਅਧਿਕਾਰੀ ਪ੍ਰੀਖਿਆ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਪਹੁੰਚਣਗੇ ਅਤੇ ਆਪਣੀ ਦੇਖ-ਰੇਖ ਵਿੱਚ ਪ੍ਰਸ਼ਨ ਪੱਤਰਾਂ ਦਾ ਸੀਲਡ ਪੈਕਟ ਖੁਲਵਾਉਣਾ ਯਕੀਨੀ ਬਣਾਉਣਗੇ।
3. ਅਧਿਕਾਰੀ ਪ੍ਰੀਖਿਆ ਦੇ ਪੂਰੇ ਸਮੇਂ ਦੌਰਾਨ ਪ੍ਰੀਖਿਆ ਕੇਂਦਰ ਵਿੱਚ ਮੌਜੂਦ ਰਹਿਣਗੇ ਅਤੇ ਪ੍ਰੀਖਿਆ ਖਤਮ ਹੋਣ ਉਪਰੰਤ ਆਪਣੀ ਦੇਖ-ਰੇਖ ਵਿੱਚ ਉੱਤਰ ਪੱਤਰੀਆਂ ਦੇ ਪੈਕਟ ਨੂੰ ਸੀਲਡ ਕਰਵਾਉਣ ਉਪਰੰਤ ਉਸ ਉਤੇ ਆਪਣੇ ਹਸਤਾਖਰ ਕਰਨਗੇ।
4. ਅਧਿਕਾਰੀ ਇਹ ਯਕੀਨੀ ਬਣਾਉਣਗੇ ਕੇ ਪ੍ਰੀਖਿਆ ਲਈ ਤੈਨਾਤ ਅਮਲਾ ਪ੍ਰੀਖਿਆ ਕੇਂਦਰ ਵਿੱਚ ਮੋਬਾਇਲ ਜਾਂ ਪਰਸ ਆਦਿ ਨਾ ਲੈ ਕੇ ਜਾਣ ਅਤੇ ਨਾ ਹੀ ਪ੍ਰੀਖਿਆ ਲਈ ਤਾਇਨਾਤ ਅਮਲੇ ਤੋਂ ਇਲਾਵਾ ਕੋਈ ਹੋਰ ਕਰਮਚਾਰੀ ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਵੇ।
5. ਪ੍ਰੀਖਿਆ ਮੁਕੰਮਲ ਹੋਣ ਉਪਰੰਤ ਅਧਿਕਾਰੀ ਪ੍ਰੀਖਿਆ ਸਬੰਧੀ ਰਿਪੋਰਟ ਆਪਣੇ ਹਸਤਾਖਰਾ ਹੇਠ conductpseb@gmail.com ਤੇ ਮੇਲ ਕਰਨਗੇ।
6. ਅਧਿਕਾਰੀ ਨੂੰ ਬੋਰਡ ਵਿਨਿਯਮਾਂ ਅਨੁਸਾਰ ਟੀ.ਏ ਮਿਲਣਯੋਗ ਹੋਵੇਗਾ ਅਤੇ ਉਸ ਵੱਲੋਂ ਟੀ.ਏ ਬਿੱਲ ਆਪਣੀ ਡਿਊਟੀ ਤੋਂ 25 ਦਿਨ ਦੇ ਅੰਦਰ-ਅੰਦਰ ਉੱਪ ਸਕੱਤਰ (ਕਾਰਜ ਸੰਚਾਲਨ) ਪਸਸਬ ਨੂੰ ਭੇਜਣਾ ਲਾਜ਼ਮੀ ਹੋਵੇਗਾ।
7. ਜੇਕਰ ਪ੍ਰੀਖਿਆ ਕੇਂਦਰ ਵਿੱਚ ਕੋਈ ਪਰ-ਰੂਪਣ (impersonation) ਦਾ ਕੇਸ ਫੜ੍ਹਿਆ ਜਾਂਦਾ ਹੈ ਤਾਂ ਕੇਂਦਰ ਸੁਪਰਡੰਟ ਰਾਹੀਂ ਤੁਰੰਤ ਨਜ਼ਦੀਕ ਦੇ ਪੁਲਿਸ ਸਟੇਸ਼ਨ ਵਿੱਚ ਪਰ –ਰੂਪਣ ਦੇ ਖਿਲਾਫ ਐਫ.ਆਈ.ਆਰ ਦਰਜ਼ ਕਰਵਾ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸੂਚਿਤ ਕੀਤਾ ਜਾਵੇ।
8. ਜੇਕਰ ਪ੍ਰੀਖਿਆ ਕੇਂਦਰ ਵਿੱਚ ਕੋਈ ਅਣ-ਉਚਿੱਤ ਸਾਧਨ (ਯੂ.ਐਮ.ਸੀ) ਦਾ ਕੇਸ ਫੜਦੇ ਹੋ ਤਾਂ ਇਤਰਾਜ਼ਯੋਗ ਸਮੱਗਰੀ ਸਮੇਤ Electronic Device ਆਦਿ ਦੀ ਵਰਤੋਂ ਬਾਰੇ ਪ੍ਰੋਫਾਰਮੇ ਵਿੱਚ ਵਿਸਥਾਰਪੂਰਵਕ ਰਿਪੋਰਟ ਭਰੀ ਜਾਵੇ।
9. ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਪ੍ਰੀਖਿਆ ਵਿੱਚ ਸਮੁੱਚਾ ਮਾਹੌਲ ਉਚਿੱਤ ਨਹੀਂ ਹੈ ਤਾਂ ਉਸ ਦੇ ਪੂਰੇ ਵੇਰਵੇ ਵਿਸਥਾਰ ਪੂਰਵਕ ਦਰਸਾਉਂਦੇ ਹੋਏ ਉਸ ਦਿਨ ਦਾ ਪੇਪਰ ਰੱਦ ਕਰਨ ਦੀ ਸਿਫਾਰਸ਼ ਦੀ ਲਿਖਤੀ ਸੂਚਨਾ ਕਾਰਜ ਸੰਚਾਲਨ ਸ਼ਾਖਾ ਦੀ ਈ-ਮੇਲ conductpseb@gmail.com ਤੇ ਜ਼ਰੂਰ ਭੇਜੀ ਜਾਵੇ।
10. ਪ੍ਰੀਖਿਆ ਦੌਰਾਨ ਪ੍ਰੀਖਿਆਰਥੀ ਦੀ ਧਾਰਮਿਕ ਭਾਵਨਾ ਨੂੰ ਠੇਸ ਨਾ ਪਹੁੰਚਾਈ ਜਾਵੇ।(ਧਾਰਮਿਕ ਚਿੰਨ ਨਾ ਉਤਰਵਾਏ ਜਾਣ)
11. ਉੱਡਣ ਦਸਤਾ ਟੀਮ ਵੱਲੋਂ ਸੀਟਿੰਗ ਪਲਾਨ, ਕੱਟ ਲਿਸਟ ਮੁਤਾਬਿਕ ਪ੍ਰੀਖਿਆਰਥੀਆਂ ਦੀ ਫੋਟੋ ਦਾ ਮਿਲਾਣ, ਪ੍ਰਸ਼ਨ ਪੱਤਰ ਅਤੇ ਉੱਤਰ ਪੱਤਰੀਆਂ ਦੀਆਂ ਸੀਲਾਂ ਚੈੱਕ ਕਰਨਾ ਯਕੀਨੀ ਬਣਾਇਆ ਜਾਵੇ।
12. ਜੇਕਰ ਤੁਸੀਂ ਕਿਸੇ ਪ੍ਰੀਖਿਆ ਕੇਂਦਰ ਦਾ ਪੇਪਰ ਰੱਦ ਕਰਨ ਦੀ ਸਿਫਾਰਸ਼ ਕਰਦੇ ਹੋ ਤਾਂ ਉਸ ਕੇਂਦਰ ਦੇ ਸਬੰਧਤ ਜਿੰਮੇਵਾਰ ਸਮੁੱਚੇ ਨਿਗਰਾਨ ਅਮਲੇ ਦੀ ਸੂਚੀ ਵੀ ਨਾਲ ਨੱਥੀ ਕੀਤੀ ਜਾਵੇ।

ਕੰਟਰੋਲਰ (ਪ੍ਰੀਖਿਆਵਾਂ)

ਮਿਤੀ:- 08-08-2025